International Research Journal of Humanities, Language and Literature
ISSN: (2394-1642)
Impact Factor 5.401 Volume 7, Issue 8, August 2020
Association of Academic Researchers and Faculties (AARF)
Website-www.aarf.asia, Email : editor@aarf.asia , editoraarf@gmail.com

# ਪਰਵਾਸੀ ਪੰਜਾਬੀ ਕਵਿਤਾ : ਸਥਿਤੀ ਅਤੇ ਸੰਭਾਵਨਾਵਾਂ

**ਡਾ॰ਤਿਲਕ ਰਾਜ**
**ਅਸਿਸਟੈਂਟ ਪ੍ਰੋਫੈਸਰ**
**ਗੁਰੂ ਨਾਨਕ ਖਾਲਸਾ ਕਾਲਜ,ਯਮੁਨਾਨਗਰ |**

ਪੰਜਾਬ ਤੋਂ ਆਪਣੀ ਆਰਥਿਕ ਹਾਲਤ ਸੁਧਾਰਨ ਲਈਵਿਦੇਸ਼ੀ ਅਤੇਪਰਾਏ ਮੁਲਕਾਂ ਵਿੱਚ ਗਏਅਤੇ ਵੱਸਦੇ ਪਰਵਾਸੀ ਪੰਜਾਬੀਸਾਹਿਤਕਾਰਾਂ ਨੇ ਸਾਹਿਤ ਰਚਨਾਭਾਵੇਂ ਚਿਰੋਕਣੀ ਆਰੰਭ ਕਰ ਦਿੱਤੀ ਸੀਪਰ ਪਰਵਾਸੀ ਪੰਜਾਬੀ ਸਾਹਿਤ ਦਾ ਸੰਕਲਪਅਤੇ ਇਸ ਦਾ ਅਧਿਐਨ ਬਕਾਇਦਾ ਰੂਪ ਵਿੱਚ 1980 ਤੋਂ ਬਾਅਦ ਹੀਆਪਣੇ ਵੱਲ ਧਿਆਨ ਖਿੱਚਦਾ ਹੈ।ਪਰਵਾਸੀ ਪੰਜਾਬੀ ਸਾਹਿਤ ਦੀ ਸਿਰਜਣਧਾਰਾ ਵਿੱਚ ਪਰਵਾਸੀ ਪੰਜਾਬੀਕਵਿਤਾ ਦਾ ਅਹਿਮ ਸਥਾਨ ਕਿਹਾ ਜਾ ਸਕਦਾ ਹੈ।ਕਵਿਤਾ ਦੁਆਰਾ ਮਨੁੱਖੀ ਮਨ ਦੀਆਂ ਭਾਵਨਾਵਾਂ ਦੀ ਅਭਿਵਿਅਕਤੀ ਹੋਰਨਾਂ ਸਾਹਿਤ ਰੂਪਾਂ ਨਾਲੋਂਵਧੇਰੇ ਸਹਿਜ ਰੂਪ ਵਿੱਚ ਕੀਤੀ ਜਾ ਸਕਦੀ ਹੈ।ਪੰਜਾਬ ਦੀ ਧਰਤੀ ਤੋਂ ਪਰਵਾਸ ਧਾਰਨ ਕਰਕੇਵਿਦੇਸ਼ੀ ਮੁਲਕਾਂ ਵਿੱਚ ਰੋਜ਼ੀ ਰੋਟੀ ਦੀ ਤਲਾਸ਼ ਵਿੱਚ ਜਾ ਕੇ ਵੱਸਣ ਵਾਲੇ ਪੰਜਾਬੀਆਂ ਲਈ ਨਵੇਂ ਸਮਾਜਅਤੇ ਸੱਭਿਆਚਾਰ ਦੀਆਂ ਸਥਿਤੀਆਂ ਮੂਲੋਂ ਹੀ ਓਪਰੀਆਂ ਸਨ।ਅਜਿਹੀ ਸਥਿਤੀ ਵਿੱਚ ਵਿਚਰਦਿਆਂ ਉਨ੍ਹਾਂ ਦੀ ਮਾਨਸਿਕਤਾ ਵਿੱਚ ਚੱਲਣ ਵਾਲੀਉਥਲ ਪੁਥਲ ਨੂੰ ਪਰਵਾਸੀ ਪੰਜਾਬੀ ਸਾਹਿਤ ਖਾਸ ਕਰਕੇ ਕਵਿਤਾ ਵਿੱਚ ਅਭਿਵਿਅਕਤੀ ਮਿਲਦੀਪ੍ਰਤੀਤ ਹੁੰਦੀ ਹੈ।ਇਸ ਪ੍ਰਕਾਰ ਪਰਵਾਸੀ ਪੰਜਾਬੀ ਕਵਿਤਾ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਪਰਵਾਸੀ ਪੰਜਾਬੀ ਮਨੁੱਖ ਦੀ ਅਭਿਵਿਅਕਤੀ ਦੀ ਜ਼ਰੂਰਤ ਵਿੱਚੋਂ ਪੈਦਾ ਹੋਇਆ ਸਾਹਿਤ ਰੂਪ ਹੈ ।ਇਸ ਮੱਤ ਦੀ ਪ੍ਰੋੜਤਾ ਡਾ॰ ਸੁਰਿੰਦਰਪਾਲ ਸਿੰਘ ਦੇ ਮੱਤ ਤੋਂ ਵੀ ਹੋ ਜਾਂਦੀ ਹੈ:

ਬਦੇਸ਼ਾ ਵਿੱਚ ਪੰਜਾਬੀ ਸਾਹਿਤ ਦੀ ਰਚਨਾ ਕਿਸੇ ਲਾਲਚ ਚ ਭੁੱਖ ਜਾਂ ਸਵਾਰਥ ਵਿੱਚੋਂ ਪੈਦਾਨਹੀਂ ਹੋਈ ਸਗੋਂ ਵਿਦੇਸ਼ੀ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਆਤਮ ਅਭਿਵਿਅਕਤੀ ਦਾ ਪ੍ਰਮਾਣ ਹੈ।[i]

ਪਰਵਾਸੀ ਪੰਜਾਬੀ ਕਵਿਤਾ ਦੀ ਵਰਤਮਾਨ ਸਥਿਤੀ ਨੂੰ ਸਪਸ਼ਟ ਕਰਨ ਲਈਇਸ ਉੱਪਰ ਜਦੋਂ ਅਸੀਂ ਪਿੱਛਲਝਾਤ ਮਾਰਦੇ ਹਾਂ ਤਾਂ ਵੀਹਵੀਂ ਸਦੀ ਦੇਪਹਿਲੇ ਦਹਾਕੇ ਵਿੱਚ ਪਰਵਾਸ ਧਾਰਨ ਕਰਕੇਵਿਦੇਸ਼ਾਂ ਵਿੱਚ ਆਪਣੀ ਆਰਥਿਕ ਹਾਲਤਸੁਖਾਵੀਂ ਕਰਨ ਲਈ ਪਹੁੰਚੇ ਪੰਜਾਬੀਆਂ ਨੇ,ਵਿਦੇਸ਼ੀਮੁਲਕਾਂ ਦੀ ਆਜ਼ਾਦੀ ਵੇਖ ਕੇ ਆਜ਼ਾਦੀ ਦੇ ਸਹੀ ਅਰਥਾਂ ਨੂੰ ਸਮਝਿਆਅਤੇ ਆਪਣੇ ਮੂਲ ਮੁਲਕ ਦੀ ਆਜ਼ਾਦੀ ਦਾ ਸੁਪਨਾ ਲੈ ਕੇ,ਉਸ ਨੂੰ ਪੂਰਾ ਕਰਨ ਦੀ ਤਾਂਘ ਮਨ ਵਿੱਚ ਵਸਾਈ।ਦੇਸ਼ ਦੀ ਆਜ਼ਾਦੀ ਦਾ ਸੁਪਨਾ ਪੂਰਾ ਕਰਨ ਲਈਉਨ੍ਹਾਂ ਵੱਲੋਂ ਸਥਾਪਤ ਕੀਤੇ ਗਏ ਗ਼ਦਰ ਆਸ਼ਰਮ ਤੋਂ ਨਿਕਲਣ ਵਾਲੇ ਅਖਬਾਰ 'ਗ਼ਦਰ'ਵਿੱਚ ਛਪੀਆਂ ਕਵਿਤਾਵਾਂ ਨਾਲ ਹੀ ਪਰਵਾਸੀ ਪੰਜਾਬੀ ਕਵਿਤਾ ਦਾ ਆਰੰਭ ਮੰਨਿਆ ਜਾ ਸਕਦਾ ਹੈ।ਪਰਵਾਸੀ ਪੰਜਾਬੀ ਸਾਹਿਤਕਾਰ ਅਜੀਤ ਰਾਹੀ ਦੁਆਰਾ ਦਿੱਤੇ ਹਵਾਲੇ ਨਾਲ ਸਾਡੀਗੱਲ ਹੋਰ ਸਪੱਸ਼ਟ ਹੋ ਜਾਂਦੀ ਹੈ:

© Association of Academic Researchers and Faculties (AARF)
A Monthly Double-Blind Peer Reviewed Refereed Open Access International e-Journal - Included in the International Serial Directories.

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸੂਰਮਿਆਂ ਦੇਸ਼ ਭਗਤਾਂ ਨੇ 'ਯੁਗਾਂਤਰ ਆਸ਼ਰਮ' ਭਾਵ 'ਗਦਰ ਆਸ਼ਰਮ' ਕਾਇਮ ਕੀਤਾ।ਇਸ ਆਸ਼ਰਮ ਵਿੱਚੋਂ ਹੀ 'ਗ਼ਦਰ' ਅਖ਼ਬਾਰ ਕੱਢਿਆ ਗਿਆ,ਜੋ ਪਹਿਲਾਂ ਸਾਈਕਲੋਸਟਾਈਲ, ਫਿਰ ਜਲਦੀ ਹੀ ਲਿਥੋ ਮਸ਼ੀਨ ਤੇ ਛਪਣ ਲੱਗ ਪਿਆ।ਇਸ ਅਖ਼ਬਾਰ ਰਾਹੀਂ ਪੰਜਾਬੀਆਂ ਦੇ ਹੱਥਾਂ ਤੱਕ ਬਦੇਸ਼ੀ ਪੰਜਾਬੀ ਕਵਿਤਾ 1914-15 ਈਸਵੀ ਵਿੱਚਸਭ ਤੋਂ ਪਹਿਲਾਂ ਪਹਿਲ ਪਹੁੰਚੀ।[ii]

ਇਹ ਕਵਿਤਾ 'ਗ਼ਦਰ ਗੂੰਜ'ਦੇ ਨਾਮ ਨਾਲ ਸੰਗ੍ਰਹਿ ਹੋ ਕੇ ਦੇਸ਼ ਭਗਤਾਂ ਦੀ ਬਾਣੀ ਦੇ ਨਾਂ ਹੇਠਪੰਜਾਬੀਆਂ ਦੇ ਹੱਥਾਂ ਤੱਕ ਪਹੁੰਚੀ।ਇਸ ਕਵਿਤਾ ਨੂੰ 'ਗ਼ਦਰ ਕਾਵਿ' ਵੀ ਕਿਹਾ ਜਾਂਦਾ ਹੈ|ਇਹ ਕਵਿਤਾ ਵੀ ਅਭਿਵਿਅਕਤੀ ਦੀ ਜ਼ਰੂਰਤ ਵਿੱਚੋਂ ਪੈਦਾ ਹੋਈ ਕਵਿਤਾ ਹੈ ।ਇਸ ਵਿੱਚ ਦੇਸ਼ ਪ੍ਰਦੇਸ਼ ਅਤੇ ਪਰਵਾਸ ਦੇ ਸੰਤਾਪ ਦੇ ਨਾਲ ਨਾਲ ਪਰਵਾਸੀ ਮਨੁੱਖ ਦੇਮਨ ਵਿੱਚ ਆਪਣੇ ਮੁਲਕ ਨਾਲ ਸਨੇਹ ਅਤੇ ਆਜ਼ਾਦੀ ਦੀ ਤਾਂਘ ਦੀ ਭਾਵਨਾ ਉਮੜਦੀ ਪ੍ਰਤੀਤ ਹੁੰਦੀ ਹੈ:

ਹਿੰਦ ਬਾਗ ਬਹਾਰ ਦੀ ਰੁੱਤ ਆਈ
ਖਿਜ਼ਾ ਪੇਸ਼ ਪੈ ਗਈ ਇੰਗਲਸ਼ਤਾਨ ਤੇਰੇ
ਹਿੰਦੋਸਤਾਨ ਦੀ ਫੁੱਟ ਮਸ਼ਹੂਰ ਮੇਵਾ
ਲੱਗੇ ਖਾਣ ਪੁੱਤਰ ਬੇਈਮਾਨ ਤੇਰੇ
ਬੁਰਾ ਹੋਸੀ ਯੂਰਪੀਨ ਤੇਰਾ
ਲੱਗੇ ਮਰਨ ਬੱਚੇ ਇੰਗਲਸ਼ਤਾਨ ਤੇਰੇ
ਰੰਗ ਰੂਪ ਇੱਕੋ ਜਾਤਪਾਤ ਇੱਕੋ
ਇੱਕੋ ਜੇਹੇ ਸੀ ਸ਼ਾਨ ਗੁਮਾਨ ਤੇਰੇ
ਅੱਗ ਏਸ਼ੀਆ ਦੇ ਵਿੱਚ ਲੈਣ ਲੱਗੇ
ਇੱਕ ਚਿਣਗ ਡਿੱਗੀ ਇੰਗਲਸ਼ਤਾਨ ਤੇਰੇ
ਰਹੀ ਬੁੱਝਣ ਦੀ ਨਹੀਂ ਉਮੈਦ ਕੋਈ
ਮਿਟ ਜਾਣਗੇ ਕੁੱਲ ਨਸ਼ਾਨ ਤੇਰੇ ।[iii]

ਇਹ ਸਥਿਤੀ ਪਰਵਾਸੀ ਪੰਜਾਬੀ ਕਵਿਤਾ ਦੀ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੱਕ ਦੀ ਕਹੀ ਜਾ ਸਕਦੀ ਹੈਇਸ ਉਪਰੰਤ ਇੱਕ ਲੰਮੀ ਕਾਵਿ ਸਿਰਜਨਾਤਮਕ ਚੁੱਪ ਤੋਂ ਬਾਅਦ ਪਰਵਾਸੀ ਪੰਜਾਬੀ ਕਵਿਤਾ ਆਪਣੇ ਨਿਵੇਕਲੇ ਮੁਹਾਂਦਰੇ ਨਾਲ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿੱਚ ਸਿਰਜਣਾਤਮਕ ਗਤੀਸ਼ੀਲਤਾ ਗ੍ਰਹਿਣ ਕਰਦੀ ਹੈ।ਇਸ ਦੌਰਾਨ ਜੋ ਕਵਿਤਾ ਸਾਹਮਣੇ ਆਉਂਦੀ ਹੈ, ਉਹ ਅਭਿਵਿਅਕਤੀਮੂਲਕ ਪ੍ਰਵਿਰਤੀ ਦੀ ਹੈ।1962 ਵਿੱਚ ਇਮੀਗ੍ਰਾਂਟ ਐਕਟ ਲਾਗੂ ਹੋ ਜਾਣ ਨਾਲ ਪੰਜਾਬੀਆਂ ਦੇ ਪਰਵਾਸ ਵਿੱਚ ਕਮੀ ਆਈ,ਪਰ ਇਸ ਦੌਰਾਨ ਜੋ ਪੰਜਾਬੀ ਵਿਦੇਸ਼ਾਂ ਵਿੱਚ ਗਏ ਉਹ ਚੰਗੇ ਪੜ੍ਹੇ ਲਿਖੇ ਅਤੇ ਮਾਨਸਿਕ ਪੱਖੋਂ ਜਾਗਰੂਕ ਵੀ ਸਨ । ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀ, ਅਧਿਆਪਕ,ਵਕੀਲ, ਅਤੇ ਕਈ ਹੋਰ ਨੌਕਰੀਸ਼ੁਦਾਲੋਕ ਆਪਣੀ ਨੌਕਰੀ ਛੱਡ ਕੇ ਪਰਵਾਸ ਧਾਰਨ ਕਰਦੇ ਹਨ।ਇਸ ਦੌਰਾਨ ਪਰਵਾਸ ਧਾਰਨ ਕਰਕੇ ਗਏ ਪੜ੍ਹੇ ਲਿਖੇ ਪਰਵਾਸੀਆਂ ਵਿੱਚ ਬਤੌਰ ਪਾਠਕ ਦੇ ਸਾਹਿਤ ਵਿੱਚ ਰੁਚੀ ਵੀ ਸੀ ਅਤੇ ਕਈ ਇਨ੍ਹਾਂ ਵਿੱਚੋਂ ਪੰਜਾਬ ਵਿੱਚ ਰਹਿੰਦਿਆਂ ਸਿਰਜਣ ਕਾਰਜ ਨਾਲ ਜੁੜੇ ਹੋਏ ਸਾਹਿਤਕਾਰ ਵੀ ਸਨ । ਪਰਵਾਸੀ ਹੋਣ ਉਪਰੰਤ ਇਨ੍ਹਾਂ ਨੇ ਪਰਵਾਸੀ ਮਨੁੱਖ ਦੀ ਮਾਨਸਿਕ ਸਥਿਤੀ ਅਤੇ ਪਰਵਾਸ ਦੀਆਂ ਤਲਖ਼ ਹਕੀਕਤਾਂਅਤੇ ਸਮੱਸਿਆਵਾਂ ਨੂੰ ਅਭਿਵਿਅਕਤ ਕਰਨ ਲਈ ਸਾਹਿਤ ਸਿਰਜਣ ਕਾਰਜ ਨਾਲ ਨਾਤਾ ਜੋੜਿਆ । ਇਸ ਪ੍ਰਕਾਰ ਸੱਠਵਿਆਂ ਤੋਂ ਬਾਅਦ ਵੱਡੀ ਪੱਧਰ ਤੇ ਪਰਵਾਸੀ ਪੰਜਾਬੀ ਸਾਹਿਤ ਦੀ ਸਿਰਜਨਾ ਆਰੰਭ ਹੋਈ। ਇਸ ਵਿੱਚ ਮੁੱਖ ਰੂਪ ਵਿੱਚ ਕਾਵਿ ਸਿਰਜਣਾ ਵਧੇਰੇ ਸਾਹਮਣੇ ਆਉਂਦੀ ਹੈ:

ਓਪਰੀ ਧਰਤੀ 'ਤੇ ਤੀਜੇ ਦਰਜੇ ਦੇ ਸ਼ਹਿਰੀ ਵਜੋਂ ਰਹਿਣਾ,ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ,ਚਿੱਟੀ ਨਸਲ ਦੀ ਨਫ਼ਰਤ ਦਾ ਪਾਤਰ ਬਣਨਾ ਅਤੇ ਗੁਲਾਮਾਂ ਵਰਗਾ ਦਰਜਾ ਪ੍ਰਾਪਤ ਹੋਣਾ ਆਦਿ ਪਰਸਥਿਤੀਆਂ ਨੇ ਉਨ੍ਹਾਂ ਨੂੰ ਮਾਨਸਿਕ ਪੱਖੋਂ ਝੰਜੋੜਿਆ । ਪਹਿਲੇ ਪੜਾਅ ਦੇ ਪਰਵਾਸੀਆਂ ਨੇ ਆਪਣੀ ਇਸ ਅਵਸਥਾ ਨੂੰ ਜਿੱਥੇ ਗ਼ਦਰ ਲਹਿਰ ਰਾਹੀਂ ਅਭਿਵਿਅਕਤੀ ਦਿੱਤੀ, ਉੱਥੇ ਇਸ ਪੜਾਅ ਦੇ ਪਰਵਾਸੀਆਂ ਨੇ ਇਸ ਸੰਤਾਪ ਨੂੰ ਭੋਗਿਆਤੇ ਕੁਝ ਨੇ ਸਾਹਿਤ ਸਿਰਜਣਾ ਰਾਹੀਂ ਆਪਣੀ ਮਾਨਸਿਕ ਸਥਿਤੀ ਦਾ ਪ੍ਰਗਟਾਵਾ ਕੀਤਾ ।ਇਨ੍ਹਾਂ ਵਿੱਚੋਂ ਬਹੁਤੇ ਤਾਂ ਪਰਵਾਸ ਤੋਂ ਪਹਿਲਾਂ ਹੀ ਭਾਰਤ ਵਿੱਚ ਰਹਿਣ ਸਮੇਂ ਸਾਹਿਤਕ ਰੁਚੀਆਂ ਦੇ ਮਾਲਕ ਸਨ ਅਤੇ ਕੁਝ ਬਦੇਸ਼ ਵਿੱਚ ਰਹਿੰਦੇ ਹੋਏ ਉੱਥੋਂ ਦੀਆਂ ਪ੍ਰਸਥਿਤੀਆਂ ਅਧੀਨ ਵਿਚਰਦੇ ਹੋਏ ਤੇ ਸਾਹਿਤਕ ਮਾਹੌਲ ਅਧੀਨ ਪੰਜਾਬੀ ਸਾਹਿਤ ਸਿਰਜਣਾ ਵੱਲ ਰੁਚਿਤ ਹੋਏ ।[iv]

ਇਸ ਪ੍ਰਕਾਰ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪਰਵਾਸੀ ਪੰਜਾਬੀ ਸਾਹਿਤ ਦੂਜੇ ਦੌਰ ਵਿੱਚ ਸੱਠਵਿਆਂ ਦੌਰਾਨ ਆਪਣੀ ਸਿਰਜਣ ਪ੍ਰਕਿਰਿਆ ਗ੍ਰਹਿਣ ਕਰਦਾ ਹੈ।ਇਹ ਗੱਲ ਪਰਵਾਸੀ ਪੰਜਾਬੀ ਕਵਿਤਾ ਦੀ ਸਿਰਜਣ ਪ੍ਰਕਿਰਿਆ ਉੱਪਰ ਵੀ ਲਾਗੂ ਹੁੰਦੀ ਹੈ |ਵਿਦੇਸ਼ੀ ਸਮਾਜ ਸੱਭਿਆਚਾਰ ਵਿੱਚ ਵਿਚਰਦੇ ਪਰਵਾਸੀ ਪੰਜਾਬੀ ਮਨੁੱਖ ਦੀਆਂ, ਉੱਥੋਂ ਦੀਆਂ ਪ੍ਰਸਥਿਤੀਆਂ ਵਿੱਚੋਂ ਪੈਦਾ ਸਮੱਸਿਆਵਾਂ ਦਾ ਨਿਰੂਪਣ ਪਰਵਾਸੀ ਪੰਜਾਬੀ ਕਵਿਤਾ ਦੀ ਸਹਿਜ ਬਿਰਤੀ ਕਹੀ ਜਾ ਸਕਦੀ ਹੈ ।ਪਰਵਾਸੀ ਪੰਜਾਬੀ ਕਵਿਤਾ ਇਸ ਦੌਰ ਵਿੱਚ ਹੀ ਗਤੀਸ਼ੀਲਤਾ ਅਤੇ ਵਿਕਾਸ ਕਰਦੀ ਹੋਈ ਪੰਜਾਬੀ ਸਾਹਿਤ ਵਿੱਚ ਆਪਣੀ ਨਿਵੇਕਲੀ ਪਛਾਣ ਕਾਇਮ ਕਰਦੀ ਹੈ।ਬਹੁਤ ਸਾਰੇ ਪ੍ਰਮੁੱਖ ਪਰਵਾਸੀ ਕਵੀਆਂ ਨੇ ਵਿਭਿੰਨ ਮੁਲਕਾਂ ਵਿੱਚ ਲਗਾਤਾਰ ਕਾਵਿ ਸਿਰਜਣਾ ਕਰਕੇ ਪਰਵਾਸੀ ਪੰਜਾਬੀ ਕਾਵਿ ਸਾਹਿਤ ਨੂੰ ਅਮੀਰੀ ਪ੍ਰਦਾਨ ਕੀਤੀ ਹੈ। ਇਨ੍ਹਾਂ ਵਿੱਚ ਪ੍ਰਮੁੱਖ ਰੂਪ ਵਿੱਚ ਬਰਤਾਨੀਆ ਤੋਂ ਨਿਰੰਜਨ ਸਿੰਘ ਨੂਰ,ਅਵਤਾਰ ਜੰਡਿਆਲਵੀ, ਮਹਿੰਦਰ ਗਿੱਲ, ਬਲਦੇਵ ਬਾਵਾ, ਜਗਤਾਰ ਢਾਅ, ਭੁਪਿੰਦਰ ਪੁਰੇਵਾਲ,ਗੁਰਨਾਮ ਗਿੱਲ, ਗੁਰਨਾਮ ਢਿੱਲੋਂ, ਕੈਨੇਡਾ ਤੋਂ ਅਜਮੇਰ ਰੋਡੇ, ਇਕਬਾਲ ਰਾਮੂਵਾਲੀਆ, ਰਵਿੰਦਰ ਰਵੀ, ਦਰਸ਼ਨ ਗਿੱਲ, ਸੁਖਿੰਦਰ, ਗੁਰਚਰਨ ਰਾਮਪੁਰੀ, ਸ਼ਿਵਚਰਨ ਗਿੱਲ,ਇੰਦਰਜੀਤ ਸਿੱਧੂ,ਸੁਰਜੀਤ ਕਲਸੀ, ਮਿੰਨੀ ਗਗਰੇਵਾਲ, ਬਲਦੇਵ ਧਾਲੀਵਾਲ, ਸੁਖਪਾਲ, ਅਮਰੀਕਾ ਤੋਂ ਡਾ. ਗੁਰੂਮੇਲ, ਸ਼ਸ਼ੀ ਸਮੁੰਦਰਾ,ਸੁਖਵਿੰਦਰ ਕੰਬੋਜ, ਸ਼ੇਰ ਸਿੰਘ ਕੰਵਲ, ਸੁਖਦਰਸ਼ਨ ਧਾਲੀਵਾਲ ਅਤੇ ਰਾਜਿੰਦਰ ਸਿੰਘ ਜਾਲੀ, ਨੀਦਰਲੈਂਡ ਤੋਂ ਅਮਰਜਿਓਤੀ, ਆਸਟਰੇਲੀਆ ਤੋਂ ਅਜੀਤ ਰਾਹੀਂ, ਸਵੀਡਨ ਤੋਂ ਸਤੀ ਕੁਮਾਰ, ਡੈਨਮਾਰਕ ਤੋਂ ਸੋਹਨ ਕਾਦਰੀ,ਸਵਿਟਜ਼ਰਲੈਂਡ ਤੋਂ ਦੇਵ, ਜਰਮਨੀ ਤੋਂ ਰਾਜਵਿੰਦਰ, ਅਫਰੀਕਾ ਤੋਂ ਅਜਾਇਬ ਕਮਲ ਅਤੇ ਜਾਪਾਨ ਤੋਂ ਪਰਮਿੰਦਰ ਸੋਢੀ ਦੇ ਨਾਮ ਲਏ ਜਾ ਸਕਦੇ ਹਨ ।ਇਹਨਾਂ ਪ੍ਰਵਾਸੀ ਪੰਜਾਬੀ ਕਵੀਆਂ ਵਿੱਚੋਂ ਕਈ ਆਪਣੀ ਸੰਸਾਰਕ ਯਾਤਰਾ ਸੰਪੂਰਨ ਕਰ ਚੁੱਕੇ ਹਨ ਅਤੇ ਬਹੁਤ ਸਾਰੇ ਵਰਤਮਾਨ ਵਿੱਚ ਵੀ ਲਗਾਤਾਰ ਸਿਰਜਣਾ ਕਰਦੇ ਹੋਏ ਪਰਵਾਸੀ ਪੰਜਾਬੀ ਕਾਵਿ ਸਰੋਕਾਰਾਂ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ ਰਹੇ ਹਨ।ਇਹਨਾਂ ਪ੍ਰਵਾਸੀ ਪੰਜਾਬੀ ਕਵੀਆਂ ਨੇ ਆਪਣੀ ਸਿਰਜਣਾ ਦਾ ਵਸਤੂ ਯਥਾਰਥ ਪਰਵਾਸੀ ਮਨੁੱਖ ਦੇ ਜੀਵਨ ਯਥਾਰਥ ਵਿੱਚੋਂ ਤਲਾਸ਼ ਕੀਤਾ ।ਪਰਵਾਸੀ ਪੰਜਾਬੀ ਕਵਿਤਾ ਦੀ ਵਰਤਮਾਨ ਸਥਿਤੀ ਦੀ ਪਛਾਣ ਇਸ ਦੇ ਵਿਭਿੰਨ ਸਿਰਜਨਾਤਮਕ ਪੜਾਵਾਂ ਨੂੰ ਵਿਚਾਰ ਕੇ ਕੀਤੀ ਜਾ ਸਕਦੀ ਹੈ।ਸੱਠਵਿਆਂ ਵਿੱਚ ਆਰੰਭਲੇ ਦੌਰ ਦੀ ਕਵਿਤਾ ਵਿੱਚ ਭੂ- ਹੇਰਵਾ,ਪ੍ਰੇਸ਼ਾਨੀ,ਤਣਾਅ ਅਤੇ ਉਦਾਸੀ ਵਰਗੇ ਸੰਕਲਪ ਪਰਵਾਸੀ ਪੰਜਾਬੀ ਕਵਿਤਾ ਦਾ ਆਧਾਰ ਬਣਦੇ ਹਨ ।ਇਹ ਸਥਿਤੀਆਂ ਇਸ ਦੌਰ ਦੀ ਪਰਵਾਸੀ ਪੰਜਾਬੀ ਕਵਿਤਾ ਦਾ ਵਸਤੂ ਯਥਾਰਥ ਵੀ ਹਨ ਅਤੇ ਪਰਵਾਸੀ ਮਨੁੱਖ ਦੀ ਮਾਨਸਿਕ ਹਕੀਕਤ ਵੀ ਹਨ। ਵਿਭਿੰਨ ਮੁਲਕਾਂ ਵਿੱਚ ਵਿਚਰਦੇ ਪਰਵਾਸੀ ਕਵੀਆਂ ਨੇ ਪਰਵਾਸੀ ਮਨੁੱਖ ਦੀ ਇਸ ਮਾਨਸਿਕ ਅਵਸਥਾ ਨੂੰ ਇੱਕੋ ਜਿਹਾ ਮਹਿਸੂਸ ਕੀਤਾ ਅਤੇ ਆਪਣੀ ਸਿਰਜਣਾਤਮਕਤਾ ਦਾ ਆਧਾਰ ਬਣਾ ਕੇ ਪੇਸ਼ ਕੀਤਾ ।ਪਰਦੇਸਾਂ ਵਿੱਚ ਪਹੁੰਚੇ ਪੰਜਾਬੀ ਮਨੁੱਖ ਦਾ ਸੰਤਾਪ ਅਤੇ ਹੋਣੀ ਜਿੱਥੇ ਇਸ ਦੌਰ ਦੀ ਕਵਿਤਾ ਵਿੱਚੋਂ ਰੂਪਮਾਨ ਹੁੰਦੀ ਹੈ, ਉੱਥੇ ਨਾਲ ਹੀ ਉਸ ਦੀ ਵਾਪਸ ਨਾ

ਪਰਤ ਸਕਣ ਦੀ ਮਜਬੂਰੀ ਦੀ ਅਭਿਵਿਅਕਤੀ ਵੀ ਸਪਸ਼ਟ ਝਲਕਦੀ ਹੈ ।ਰੋਜ਼ੀ ਰੋਟੀ ਦੀ ਤਲਾਸ਼ ਵਿੱਚ ਭਟਕਣ ਦੀ ਸਥਿਤੀ ਅਤੇ ਨਾ ਮੁੜ ਸਕਣ ਦੀ ਮਜਬੂਰੀ ਇਸ ਕਵਿਤਾ ਦੇ ਕਾਵਿ ਬੋਲਾਂ ਵਿੱਚੋਂ ਸਹਿਜੇ ਹੀ ਰੂਪਮਾਨ ਹੁੰਦੀ ਹੈ:

-ਗੱਲ ਰੋਟੀ ਦੀ ਸੀ
ਸਮੁੰਦਰਾਂ ਨੂੰ ਆਡ ਵਾਂਗ ਟੱਪ ਆਏ
ਇਸ ਕਿਨਾਰੇ ਰੋਟੀ ਤਾਂ ਮਿਲੀ
ਪਰ ਸਵੇਰ ਤੋਂ ਸ਼ਾਮ
ਮਦਾਰੀ ਦੇ ਰਿਛ ਵਾਂਗ ਨਾਚ ਕਰਨਾ ਪਿਆ
ਤੇ ਅਵਾਰਾ ਛੋਕਰਿਆਂ ਦੀਆਂ ਢੀਮਾਂ ਤੋ
ਪਲ ਪਲ ਬਚਣਾ ਪਿਆ ।[v]

--ਮੁੜ ਜਾਵਾਂਗੇ ਮੁੜ ਜਾਵਾਂਗੇ
ਕੀ ਹੋਇਆ ਜੇ
ਰੰਗ ਅੰਬਰ ਦਾ ਜ਼ਰਦ ਬੜਾ ਹੈ
ਪਰ ਬਾਪੂ ਦੇ ਮੋਢੇ ਉੱਤੇ
ਕਰਜ਼ ਬੜਾ ਹੈ ।[vi]

ਪਰਵਾਸ ਦਾ ਸੰਤਾਪ ਨਿਰਾਸ਼ਾ, ਉਦਾਸੀ ਅਤੇ ਆਪਣੇ ਮੁਲਕ ਪਰਤ ਜਾਣ ਦੀ ਤਾਂਘਪਰਵਾਸੀ ਮਨੁੱਖ ਦੀ ਮਾਨਸਿਕਤਾ ਵਿੱਚ ਉਸ ਵੱਖ ਹੋਰ ਵਧੇਰੇ ਪ੍ਰਚੰਡ ਹੁੰਦੀ ਹੈ, ਜਦੋਂ ਪਰਵਾਸ ਦੇ ਸਮਾਜ ਸੱਭਿਆਚਾਰ ਵਿੱਚ ਉਹ ਆਪਣੇ ਆਪ ਨੂੰ ਬੇਗਾਨਾ ਹੋਇਆ ਮਹਿਸੂਸ ਕਰਦਾ ਹੈ।ਅਜਿਹੀ ਸਥਿਤੀ ਵਿਚ ਪਰਾਏ ਮੁਲਕ ਦੀ ਧਰਤੀ ਦਾ ਮੋਹ ਵੀ ਉਸ ਦੀ ਮਾਨਸਿਕਤਾ ਵਿੱਚੋਂ ਮਨਫ਼ੀ ਹੋ ਰਿਹਾ ਪ੍ਰਤੀਤ ਹੁੰਦਾ ਹੈ।ਪਰਵਾਸੀ ਪੰਜਾਬੀਆਂ ਦੀ ਮਾਨਸਿਕਤਾ ਵਿੱਚ ਘਰ ਕਰ ਚੁੱਕਾ ਬੇਵਤਨੀ ਅਤੇ ਬੇਗ਼ਾਨਗੀ ਦਾ ਇਹ ਅਹਿਸਾਸ ਦੂਜੇ ਦੌਰ ਦੀ ਪਰਵਾਸੀ ਪੰਜਾਬੀ ਕਵਿਤਾ ਵਿੱਚੋਂ ਸਹਿਜੇ ਹੀ ਰੂਪਮਾਨ ਹੁੰਦਾ ਵੇਖਿਆ ਜਾ ਸਕਦਾ ਹੈ:

-- ਬੇਗਾਨੇ ਮੁਲਕ ਵਿੱਚ ਰਹਿਣਾ
ਬੇਗਾਨਗੀਆਂ ਤੇ ਕਮੀਨਗੀ ਭਰੀਆਂ
ਨਜ਼ਰਾਂ ਨੂੰ ਸਹਿਣਾ ਹੀ ਬੇਵਤਨੀ ਹੈ ।[vii]
--ਨਫ਼ਰਤ ਦੇ ਥੱਲੇ ਭਟਕੇ ਅਜ਼ਲੋਂ ਰੂਹ ਪਿਆਸੀ
ਉਸ ਧਰਤੀ ਨਾ ਮੋਹ ਕੀ ਜੋ ਨਾ ਮਾਂ ਨਾ ਮਾਸੀ ।[viii]

ਪਰਵਾਸੀ ਪੰਜਾਬੀ ਕਵਿਤਾ ਪਰਵਾਸੀ ਕਵੀਆਂ ਦੀ ਸਿਰਜਣ ਸਮਰੱਥਾ ਦੁਆਰਾ ਪੰਜਾਬੀ ਸਾਹਿਤ ਵਿੱਚ ਆਪਣੀ ਬਿਹਤਰ ਸਥਿਤੀ ਕਾਇਮ ਕਰਕੇ ਵਿਕਾਸ ਕਰਦੀ ਹੋਈ ਨਿਵੇਕਲੀ ਪਛਾਣ ਬਣਾਉਂਦੀ ਹੈ। ਇਸ ਪੜਾਅ ’ਤੇ ਉਦਰੇਵਾਂ,ਭੂ- ਹੇਰਵਾ, ਨਸਲਵਾਦ ਅਤੇ ਪਰਵਾਸੀ ਪੰਜਾਬੀ ਮਨੁੱਖ ਦੇ ਸੱਭਿਆਚਾਰਕ ਤਣਾਓ ਨੂੰ ਪਰਵਾਸੀ ਕਵੀਆਂ ਨੇ ਪੰਜਾਬੀ ਕਵਿਤਾ ਦਾ ਵਿਸ਼ੇਗਤ ਆਧਾਰ ਬਣਾ ਕੇ ਪੇਸ਼ ਕੀਤਾ ਹੈ।ਨਸਲਵਾਦ ਦੀ ਸਮੱਸਿਆ ਦੇ ਨਾਲ ਨਾਲ ਪਰਵਾਸ ਦੌਰਾਨ ਦਰਪੇਸ਼ ਆਉਣ ਵਾਲੀਆਂ ਅਣਕਿਆਸੀਆਂ ਸਮਾਜਿਕ ਸੱਭਿਆਚਾਰਕ ਸਮੱਸਿਆਵਾਂ ਪਰਵਾਸੀ ਮਨੁੱਖ ਨੂੰ ਸੱਭਿਆਚਾਰਕ ਤਣਾਓ,ਭੂ ਹੇਰਵੇ ਅਤੇ ਵਰਤਮਾਨ ਤੋਂਵਧੇਰੇ ਭੂਤ ਮੁਖੀ ਮਾਨਸਿਕਤਾ ਦੀ ਅਵਸਥਾ ਵਿੱਚ ਲੈ ਜਾਂਦੀਆਂ ਹਨ ।ਪਰਵਾਸੀ ਮਨੁੱਖ ਦੀ ਇਸ ਮਾਨਸਿਕ ਅਵਸਥਾ ਦੇ ਬਿਆਨ ਨਾਲ ਪਰਵਾਸੀ ਪੰਜਾਬੀ ਕਵਿਤਾ ਪਰਵਾਸੀ ਮਨੁੱਖ ਦੇ ਯਥਾਰਥ ਦੀ ਪੇਸ਼ਕਾਰੀ ਕਰਦੀ ਪ੍ਰਤੀਤ ਹੁੰਦੀ ਹੈ :

ਬਦੇਸ਼ੀ ਪੰਜਾਬੀ ਕਵਿਤਾ ਦਾ ਮੁੱਖ ਸਰੋਕਾਰ ਭੂਤ ਮੁਖੀ ਹੈ|ਭੂਤ ਦੀ ਧਰਤੀ, ਭੂਤ ਦੀ ਸੱਭਿਆਚਾਰਕ ਸਥਿਤੀ, ਭੂਤ ਦੀ ਰਾਜਨੀਤਕ ਚੇਤਨਾ,ਭੂਤ ਪ੍ਰਤੀ ਹੇਰਵਾ, ਭੂਤ ਦੀ ਸਥਿਤੀ ਵਿੱਚੋਂ ਉਪਜਿਆ ਨਸਲੀ ਵਿਤਕਰਾ ਬਦੇਸ਼ਾਂ ਵਿਚ ਰਚੀ ਜਾਂਦੀ ਪੰਜਾਬੀ ਕਵਿਤਾ ਦਾ ਵੱਡਾ ਹਿੱਸਾ ਹਨ ।[ix]

ਵਿਕਾਸਸ਼ੀਲ ਮੁਲਕ ਵਿੱਚੋਂ ਵਿਕਸਤ ਪੂੰਜੀਵਾਦੀ ਮੁਲਕਾਂ ਵਿੱਚ ਪਰਵਾਸ ਕਰਨ ਵਾਲੇ ਮਨੁੱਖ ਲਈ ਆਪਣੀ ਸ਼ਨਾਖ਼ਤ ਦਾ ਮਸਲਾ ਵੀ ਉਸ ਨੂੰ, ਉਸ ਦੇ ਭੂਤਕਾਲ ਨਾਲੋਂ ਨਹੀਂ ਟੁੱਟਣ ਦਿੰਦਾ ।ਵਰਤਮਾਨ ਵਿੱਚ ਪਰਾਏ ਮੁਲਕ ਵਿੱਚ ਵਸਦਿਆਂ ਉਸ ਦੀ ਆਪਣੇ ਮੂਲ ਮੁਲਕ ਵਿੱਚ ਬਣ ਚੁੱਕੀ ਸ਼ਨਾਖਤ ਸਮਾਪਤ ਹੋ ਜਾਂਦੀ ਹੈ| ਉਹ ਇਕ ਨਿਵੇਕਲੀ ਪਛਾਣ ਵਾਲੇਮਨੁੱਖ ਤੋਂ ਕੇਵਲ ਪਰਵਾਸੀ ਕਾਮਾ ਬਣ ਕੇ ਰਹਿ ਜਾਂਦਾ ਹੈ।ਅਜਿਹੀ ਸਥਿਤੀ ਵਿੱਚ ਰਹਿ ਰਹਿਕੇ ਉਸ ਨੂੰ ਆਪਣੇ ਭੂਤਕਾਲ ਦੀ ਯਾਦ ਸਤਾਉਂਦੀ ਹੈ:

--ਕਿੱਕਰਾਂ ਦੀ ਲੁੰਗ ਮਲ੍ਹਿਆਂ ਦੇ ਬੇਰ

ਡੇਲਿਆਂ ਦਾ ਅਚਾਰ ਔਲਿਆਂ ਦਾ ਸੁਆਦ

ਹੈਮਬਰਗ ਦੀ ਸੜਦੀ ਰਿੱਝਦੀ ਚਰਬੀ ਦੀ ਬੂ 'ਚ

ਮੇਰਾ ਕਿੰਨਾ ਕੁਝ ਗੁਆਚ ਗਿਆ ਹੈ ।[x]

--ਬੀਬੇ ਪਿੰਡ ਦੀ ਜਦੋਂ ਯਾਦ ਆਵੇ
ਰੋਣ ਟਾਹਲੀਆਂ ਦਾਦੀਆਂ ਵਰਗੀਆਂ ਨੀ
ਰੋਵੇ ਬੋਹੜ ਵੀ ਬੁੱਢੇ ਬਾਪ ਵਰਗਾ
ਰੋਣ ਰੋਹੀ ਚ ਸੂਹੀਆਂ ਸਰਘੀਆਂ ਨਹੀਂ ।[xi]

--ਪੁਰਜਾ ਪੁਰਜਾ ਆਪਣੇ ਗਿਰਦੇ
ਬਿਖਰ ਗਿਆ ਹਾਂ
ਮਲਬੇ ਵਿੱਚ ਘਿਰਿਆ
ਆਪਣਾ ਆਪਾਭਾਲ ਰਿਹਾ ਹਾਂ।[xii]

ਪਰਵਾਸੀ ਮਨੁੱਖ ਦਾ ਪ੍ਰਮੁੱਖ ਸੰਤਾਪ ਵਿਦੇਸ਼ਾਂ ਵਿੱਚ ਜੰਮੀ ਪਲੀ ਉਸ ਦੀ ਨਵੀਂ ਪੀੜ੍ਹੀ ਵੱਲੋਂ ਆਪਣੇ ਪਰੰਪਰਕ ਮੁੱਲਾਂ ਤੋਂ ਬੇਮੁੱਖ ਹੋਣਾ ਅਤੇ ਵਿਦੇਸ਼ੀ ਸਮਾਜ ਸੱਭਿਆਚਾਰ ਅਨੁਸਾਰ ਮਨੋਅਵਸਥਾ ਗ੍ਰਹਿਣ ਕਰਨਾ ਹੈ।ਇਸ ਨਾਲ ਪਰਵਾਸੀ ਪੰਜਾਬੀ ਪਰਿਵਾਰਾਂ ਵਿੱਚਪੀੜ੍ਹੀ ਪਾੜਾ ਵਧਣ ਨਾਲਜਿੱਥੇ ਤਣਾਅ ਦੀ ਸਥਿਤੀ ਬਣਦੀ ਹੈ, ਉੱਥੇ ਨਾਲ ਹੀ ਇੱਕੋ ਪਰਿਵਾਰ ਵਿੱਚ ਦੋਹਰੀ ਸੱਭਿਆਚਾਰਕ ਪ੍ਰਕਿਰਿਆ ਅਤੇ ਬਿਰਤੀ ਨਾਲ ਟਕਰਾਅਮਈ ਪਰਸਥਿਤੀਆਂ ਬਣਦੀਆਂ ਹਨ ।ਪੀੜ੍ਹੀ ਪਾੜੇ ਦੀ ਇਸ ਸਮੱਸਿਆ ਨੂੰ ਪਰਵਾਸੀ ਕਵਿਤਾ ਸਹਿਜੇ ਹੀ ਰੂਪਮਾਨ ਕਰਦੀ ਹੈ :

-ਮੇਰੇ ਵਤਨ ਦੇ ਲੋਕੋ
ਅਸੀਂ ਕੁਝ ਵੀ ਨਹੀਂ!
ਬਸ ਪਿੱਛੇ ਰਹਿ ਗਈ ਤੇ ਇੱਥੇ ਜਨਮੀ
ਦੋ ਪੀੜ੍ਹੀਆਂ ਵਿਚਲਾ ਦੁਖਾਂਤ ਹਾਂ
ਜਿਸ ਨੂੰ ਤਿਲ ਤਿਲ ਕਰਕੇ ਭੋਗਣਾ
ਸਾਡੇ ਹੀ ਜ਼ਿੰਮੇ ਆਇਆ ਹੈ ।[xiii]

ਵੀਹਵੀਂ ਸਦੀ ਦੇ ਲਗਪਗ ਸੱਤਵੇਂ ਅੱਠਵੇਂ ਦਹਾਕੇ ਤੱਕ ਪ੍ਰਗਤੀਵਾਦੀ ਪ੍ਰਵਿਰਤੀ ਸਮੁੱਚੇ ਭਾਰਤੀ ਸਾਹਿਤ ਉੱਪਰ ਭਾਰੂ ਰਹੀ । ਪਰਵਾਸੀ ਪੰਜਾਬੀ ਕਵਿਤਾ ਨੇ ਵੀ ਇਸ ਪ੍ਰਵਿਰਤੀ ਦਾ ਪ੍ਰਭਾਵ ਕਬੂਲਿਆ ।ਨਿਰੰਜਨ ਨੂਰ, ਦਰਸ਼ਨ ਗਿੱਲ, ਦੇਵ ,ਡਾ. ਗੁਰੂਮੇਲ ਅਤੇ ਹੋਰ ਕਈ ਪਰਵਾਸੀ ਕਵੀਆਂ ਦੀ ਕਵਿਤਾ ਵਿੱਚੋਂ ਇਹ ਪ੍ਰਗਤੀਵਾਦੀ ਸੁਰ ਸਹਿਜੇ ਹੀ ਪਛਾਣੀ ਜਾ ਸਕਦੀ ਹੈ। ਪੰਜਾਬ ਸੰਕਟ ਦੇ ਸੋਗੀ ਦਹਾਕੇ ਦੌਰਾਨ ਸਿਰਜੀ ਗਈ ਪਰਵਾਸੀ ਕਵਿਤਾ ਵੀ ਪ੍ਰਗਤੀਵਾਦੀ ਸੁਰ ਨਾਲ ਸੁਰ ਮਿਲਾਉਂਦੀ ਹੈ । ਇਸ ਪ੍ਰਕਾਰ ਪਰਵਾਸੀ ਪੰਜਾਬੀ ਕਵਿਤਾ ਲਗਾਤਾਰ ਸਿਰਜਣਾ ਦੀ ਸਥਿਤੀ ਵਿੱਚ ਵਿਕਾਸ ਕਰਦੀ ਵੇਖੀ ਜਾ ਸਕਦੀ ਹੈ।ਪਰਵਾਸੀ ਮਨੁੱਖ ਦੇ ਸੰਤਾਪ ਤੋਂ ਅਗਾਂਹ ਇਸ ਕਵਿਤਾ ਵਿੱਚ ਵਿਸ਼ਵ ਵਿਆਪੀ ਵਰਤਾਰੇ ਵੀ ਵੇਖਣ ਨੂੰ ਮਿਲਦੇ ਹਨ ।ਬ੍ਰਹਿਮੰਡਕ ਚੇਤਨਾ ਨੂੰ ਆਧਾਰ ਬਣਾਉਂਦੀ ਹੋਈ ਪਰਵਾਸੀ ਪੰਜਾਬੀ ਕਵਿਤਾਖੰਡਿਤ ਹੋ  ਰਹੀ  ਓਜ਼ੋਨ ਦੀ ਪਰਤ ਨੂੰ ਲੈ ਕੇ ਵਿਸ਼ਵ ਮਨੁੱਖ ਦੀ ਚਿੰਤਾ ਕਰਦੀ ਪ੍ਰਤੀਤ ਹੁੰਦੀ ਹੈ :

--ਕਿਲ੍ਹਾ ਓਜ਼ੋਂ ਦਾ ਤਿੜਕਿਆ
ਧਰਤ ਪਈ ਬੇਚੀਰ
ਰੁੱਖ ਦੇ ਹੰਝੂ ਪੂੰਝਦੀ
ਹਰੀ ਕਚੂਰ ਕਿਤਾਬ।[xiv]

ਪਰਵਾਸੀ ਮਨੁੱਖ ਦੇ ਸੰਤਾਪ ਅਤੇ ਸਮੱਸਿਆਵਾਂ ਦੀ ਬਾਤ ਪਾਉਂਦੀ ਪਾਉਂਦੀ ਪਰਵਾਸੀ ਪੰਜਾਬੀ ਕਵਿਤਾ ਲਗਾਤਾਰ ਵਿਕਾਸ ਕਰਦੀ ਹੋਈ ਆਪਣੇ ਪਰੰਪਰਕ ਵਿਸ਼ਿਆਂ ਤੋਂ ਅਗਾਂਹ ਵਰਤਮਾਨ ਸਥਿਤੀ ਵਿੱਚ ਗਲੋਬਲੀ ਸਰੋਕਾਰਾਂ ਨਾਲ ਸਾਂਝ ਪਾਉਂਦੀ ਹੈ ।ਵਿਸ਼ਵੀਕਰਨ ਦੇ ਪ੍ਰਭਾਵ ਹੇਠ ਅਜੋਕੀ ਪਰਵਾਸੀ ਪੰਜਾਬੀ ਕਵਿਤਾਕੇਵਲ ਪਰਵਾਸੀ  ਪੰਜਾਬੀ ਮਨੁੱਖ ਦੀ ਬਾਤ ਨਾ ਪਾ ਕੇ ਵਿਸ਼ਵ ਮਨੁੱਖ ਦੀਆਂ ਸਮੱਸਿਆਵਾਂ ਨਾਲ ਆਪਣਾ ਕਾਵਿਉਚਾਰ ਸਿਰਜਦੀ ਹੈ। ਖਪਤਕਾਰੀ ਰੁਚੀਆਂ ਅਤੇ ਮਨੁੱਖੀਮਾਨਸਿਕਤਾ ਦੇ ਹੋ ਰਹੇ ਮੰਡੀਕਰਨ ਨੂੰ ਇਹ ਕਵਿਤਾ ਆਪਣੇ ਵਿਸ਼ੇ ਵਸਤੂ ਵਜੋਂਚੁਣਦੀ ਪ੍ਰਤੀਤ ਹੁੰਦੀ ਹੈ।ਤਕਨਾਲੋਜੀ ਦੇ ਵਿਕਾਸ ਨਾਲ ਮਨੁੱਖੀ ਮਾਨਸਿਕਤਾ ਅਤੇ ਸਭਿਆਚਾਰਕ ਟੁੱਟ ਭੱਜ ਦੇ ਨਾਲ ਨਾਲ ਤਿੜਕਦੇ ਰਿਸ਼ਤਿਆਂ ਦਾ ਸੱਚਅਜੋਕੀ ਪਰਵਾਸੀ ਪੰਜਾਬੀ ਕਵਿਤਾਨੂੰਵਸਤੂਪ੍ਰਦਾਨ ਕਰਦਾ ਹੈ।ਵਿਸ਼ਵੀਕਰਨ ਤੋਂ ਪ੍ਰਭਾਵਿਤ ਅਜਿਹੀ ਪ੍ਰਵਿਰਤੀ ਦੀ ਕਵਿਤਾ ਪਰਵਾਸੀ ਪੰਜਾਬੀ ਕਵਿਤਾ ਦੀਵਰਤਮਾਨ ਸਥਿਤੀ ਨੂੰ ਉਜਾਗਰ ਕਰਦੀ ਹੈ।ਅਭਿਵਿਅਕਤੀ ਦੀ ਜ਼ਰੂਰਤ ਵਿੱਚੋਂ ਆਪਣੀ ਪਛਾਣ ਕਾਇਮ ਕਰਨ ਵਾਲੀਪਰਵਾਸੀ ਪੰਜਾਬੀ ਕਵਿਤਾ ਜਿੱਥੇ ਪਰਵਾਸੀ ਮਨੁੱਖ ਦੇਸੰਤਪਤ  ਹਿਰਦੇ ਨੂੰ ਆਪਣੀ ਜੁਬਾਨ ਦਿੰਦੀ ਹੈ, ਉੱਥੇ ਨਾਲ ਹੀ ਨਾਲ ਗਲੋਬਲੀ ਪ੍ਰਸੰਗ ਵਿੱਚਵਿਸ਼ਵ ਪੱਧਰ ਤੇ ਵਾਪਰਨ ਵਾਲੀਆਂ ਬਦਲਾਅਮਈ ਸਥਿਤੀਆਂ ਵਿੱਚ ਪਏਮਨੁੱਖ ਦੀਆਂ ਮਾਨਸਿਕ ਪਰਤਾਂ ਉਧੇੜਦੀ ਹੋਈ ਵਿਕਾਸ ਕਰ ਰਹੀ ਹੈ|ਪਰਵਾਸੀ ਪੰਜਾਬੀ ਕਵਿਤਾ ਦੀ ਇਹ ਸੁਖਦ ਸਥਿਤੀ ਪੰਜਾਬੀ ਸਾਹਿਤ ਲਈ ਸ਼ੁੱਭ ਸ਼ਗਨ ਕਹੀ ਜਾ ਸਕਦੀ ਹੈਕਿ ਉਹ ਵਰਤਮਾਨ ਸਮਾਜਿਕ ਸੱਭਿਆਚਾਰਕ ਸਥਿਤੀਦਾ ਕਾਵਿ ਉਚਾਰ ਸਿਰਜਦੀ ਹੈ :

--ਅੱਜ ਲੋੜ ਹੈ
ਐਸਿਡਰੇਨ' ਘਟਾਉਣ ਦੀ
ਡਰੱਗਜ਼ ਲਈ ਨਾ ਕਰਾਉਣ ਦੀ
ਏਡਜ਼ ਜਿਹੀਆਂ ਬਿਮਾਰੀਆਂ ਤੇ ਕਾਬੂ ਪਾਉਣ ਦੀ
ਸੁਣ ਅਰਜੁਨ
ਅੱਜ ਦੀ ਗੀਤਾ ਸੁਣ।[xv]

ਪਰਵਾਸੀ ਪੰਜਾਬੀ ਕਵਿਤਾ ਨੇ ਹੁਣ ਤੱਕ ਬਦਲਦੀਆਂ ਪ੍ਰਸਥਿਤੀਆਂਵਿੱਚ ਵੀ ਆਪਣੀ ਪਛਾਣ ਮਿਆਰੀ ਅਤੇ ਨਿਵੇਕਲੀ ਕਾਵਿ ਸ਼ੈਲੀ ਦੁਆਰਾਸਥਾਪਿਤ ਕੀਤੀ ਹੈ|ਇਸ ਵਿੱਚ ਵਿਕਾਸ ਦੀਆਂ ਹੋਰ ਵੀ ਅਸੀਮ ਸੰਭਾਵਨਾਵਾਂਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ|ਪਰਵਾਸੀ ਪੰਜਾਬੀ ਕਵੀਆਂ ਦੀਆਂ ਲਗਾਤਾਰਪ੍ਰਕਾਸ਼ਿਤ ਹੋ ਰਹੀਆਂ ਪੁਸਤਕਾਂ ਇਸ ਸੱਚ ਦੀਸਾਖੀ ਭਰਦੀਆਂ ਹਨ ਕਿ ਪਰਵਾਸੀ ਪੰਜਾਬੀ ਕਾਵਿਸਿਰਜਣਾ ਵਿੱਚ ਨਵੀਨਤਮ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ।ਗਲੋਬਲੀ ਪ੍ਰਸੰਗ ਵਿੱਚ ਸਾਹਮਣੇ ਆ ਰਹੀ ਨਵੀਂ ਪਰਵਾਸੀ ਪੰਜਾਬੀ ਕਵਿਤਾਵਿਸ਼ੇਗਤ ਪੱਧਰ 'ਤੇ ਪੰਜਾਬੀ ਕਾਵਿ ਦੀ ਮੁੱਖ ਧਾਰਾ ਨਾਲਮੋਢਾ ਮੇਚ ਕੇ ਵਿਕਾਸ ਕਰਦੀ ਹੋਈ ਅਧਿਐਨ ਅਤੇ ਅਧਿਆਪਨ ਦੇਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਕਾਇਮ ਕਰਦੀ ਹੈ।ਨਵੇਂ ਦਿਸਹੱਦਿਆਂ ਦੀ ਤਲਾਸ਼ ਕਰਦੀ ਹੋਈ ਪਰਵਾਸੀ ਪੰਜਾਬੀ ਕਵਿਤਾ ਵਿੱਚਨਵੀਆਂ ਸੰਭਾਵਨਾਵਾਂ ਲਗਾਤਾਰ ਉਜਾਗਰ ਹੋ ਰਹੀਆਂ ਹਨ।ਰੂਪਕ ਪੱਖੋਂਵੀ ਇਹ ਮੁੱਖ ਧਾਰਾ ਦੀ ਪੰਜਾਬੀ ਕਵਿਤਾ ਵਾਂਗ ਮਿਆਰੀ ਅਤੇਚਿਹਨਕੀ ਰੂਪ ਗ੍ਰਹਿਣ ਕਰ ਰਹੀ ਹੈ:

--ਕਾਲੀ ਨਦੀ ਅੰਦਰ

ਇਹ ਸ਼ਹਿਰ ਡੁੱਬ ਚੁੱਕਾ ਹੈ
ਪੁਲਾੜ ਚ ਧੂੰਏਂ ਦਾ ਹਾਸ਼ੀਆ
ਸਾਡੇ ਸਿਰਾਂ ਤੇਖੁਭੇਆਹਨ
ਸਾਨੂੰ ਨਿਅਰਥਅਉਧ ਭੁਗਤਣ ਦਾ ਸਰਾਪ
ਜਾਈਏ ਤਾਂ ਕਿੱਧਰ ਜਾਈਏ।[xvi]

ਇਸ ਪ੍ਰਕਾਰ ਰੂਪਕ ਪੱਖੋਂ ਵੀ ਵਿਕਾਸ ਕਰਦੀ ਹੋਈਪਰਵਾਸੀ ਪੰਜਾਬੀ ਕਵਿਤਾ ਚਿਹਨਾਂ ਅਤੇ ਪ੍ਰਤੀਕਾਂ ਦੁਆਰਾਵਿਸ਼ਵਹਾਣ ਦੇ ਸਰੋਕਾਰਾਂ ਨੂੰ ਕਲੇਵਰ ਵਿਚ ਲੈਂਦੀ ਹੋਈਹੁਣ ਵਰਤਮਾਨ ਵਿੱਚ ਕੇਵਲ ਅਭਿਵਿਅਕਤੀਮੂਲਕ ਨਾ ਰਹਿਕੇਵਿਸ਼ਵਮਾਨਸਿਕਤਾਮੂਲਕਕਾਵਿ ਵਿੱਚ ਰੂਪਾਂਤਰਿਤ ਹੋ ਚੁੱਕੀ ਹੈ| ਭਵਿੱਖ ਵਿੱਚ ਪਰਵਾਸੀ ਪੰਜਾਬੀ ਕਵਿਤਾ ਤੋਂ ਨਵੀਆਂ ਸਾਹਿਤਕਸੰਭਾਵਨਾਵਾਂ ਦੀ ਉਮੀਦ ਕੀਤੀ ਜਾ ਸਕਦੀ ਹੈ।

ਇਸ ਗੱਲ ਦੀਵੀ ਪੂਰੀ ਸੰਭਾਵਨਾ ਹੈ ਕਿ ਲਗਾਤਾਰਵਿਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਜਾ ਰਹੇਪੜ੍ਹੇ ਲਿਖੇ ਪੰਜਾਬੀ ਨੌਜਵਾਨਾਂ ਵਿੱਚੋਂ ਵੀ ਕਈਸਾਹਿਤਕ ਰੁਚੀਆਂ ਵਾਲੇ ਅਤੇ ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲੇ ਨੌਜਵਾਨਪਰਵਾਸੀ ਹੋ ਰਹੇ ਹਨ।ਇਨ੍ਹਾਂ ਅੰਦਰਲੀ ਸਾਹਿਤਕ ਚਿਣਗ ਲਗਾਤਾਰ ਜਗਦੀ ਰਹਿਣ ਦੀ ਸਾਕਾਰਾਤਮਕ ਉਮੀਦ ਨਾਲ ਪਰਵਾਸੀ ਪੰਜਾਬੀ ਕਾਵਿ ਸਾਹਿਤ ਦੀ ਜੋਤ ਵੀਜਗਦੀ ਰਹਿਣ ਦੇ ਪੂਰੀ ਸੰਭਾਵਨਾਹੈ| ਜਿਸ ਨਾਲ ਇਸ ਦੇ ਵਿਕਾਸ ਦੀਆਂ ਨਵੀਆਂਸੰਭਾਵਨਾਵਾਂ ਦੇ ਸਕਾਰਾਤਮਕ ਕਿਆਸ ਲਗਾਉਣੇਜਾਇਜ਼ ਪ੍ਰਤੀਤ ਹੁੰਦੇ ਹਨ।ਇਸ ਪ੍ਰਕਾਰਪਰਵਾਸੀ ਪੰਜਾਬੀ ਕਵਿਤਾਭਵਿੱਖ ਵਿੱਚ ਆਪਣੀਆਂ ਨਵੀਨ ਪ੍ਰਾਪਤੀਆਂਅਤੇ ਯੋਗਦਾਨ ਨਾਲ ਪੰਜਾਬੀ ਸਾਹਿਤ ਨੂੰ ਹੋਰ ਵੀ ਅਮੀਰੀ ਪ੍ਰਦਾਨਕਰੇਗੀ।

## ਹਵਾਲੇ ਅਤੇ ਟਿੱਪਣੀਆਂ


1. ਸੁਰਿੰਦਰਪਾਲ ਸਿੰਘ( ਸੰਪਾ )ਪਰਵਾਸੀ ਪੰਜਾਬੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀਅੰਮ੍ਰਿਤਸਰ,2004,ਪੰਨਾ -29

2. ਅਜੀਤ ਰਾਹੀ,ਬਦੇਸ਼ੀ ਪੰਜਾਬੀ ਕਵਿਤਾ, ਪਰਵਾਸੀ ਪੰਜਾਬੀ ਸਾਹਿਤ (ਸੰਪਾ) ਪੰਨਾ-73

3.ਕੇਸਰ ਸਿੰਘ,(ਸੰਗ੍ਰਹਿਕਾਰ) ਗ਼ਦਰ ਲਹਿਰ ਦੀ ਕਵਿਤਾ, ਫਕੀਰ, ਮਾਰਚ,1915 ਪੰਨਾ-194

4.ਅਕਾਲ ਅੰਮ੍ਰਿਤ ਕੌਰ, ਪ੍ਰਵਾਸੀ ਪੰਜਾਬੀ ਗਲਪ : ਨਵੇਂ ਪਾਸਾਰ, ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ, 2003 ਪੰਨਾ-53

5.ਅਵਤਾਰ ਜੰਡਿਆਲਵੀ, ਮੇਰੇ ਪਰਤ ਆਉਣ ਤੱਕ, ਨਵਯੁੱਗ ਪਬਲਿਸ਼ਰਜ਼, ਦਿੱਲੀ, 1983,ਪੰਨਾ-20-21

6. ਸਾਧੂ, ਰਿਸ਼ਤੇ ਦਰਿਆਵਾਂ ਦੇ, ਲਾਹੌਰ ਬੁੱਕ ਸ਼ਾਪ,ਲੁਧਿਆਣਾ,1991, ਪੰਨਾ-16

7. ਅਮਰ ਜਿਓਤੀ, ਦਰੋਪਦੀ ਤੋਂ ਦੁਰਗਾ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ,1990,ਪੰਨਾ-30

8. ਸ਼ਿਵਚਰਨ ਗਿੱਲ, ਬਰਤਾਨਵੀ ਪੰਜਾਬੀ ਕਾਵਿ ਦੀ ਧਾਰਾ, ਖੋਜ ਦਰਪਣ, ਜਨਵਰੀ,1989, ਪੰਨਾ-40

9. ਡਾ•ਸੁਰਿੰਦਰਪਾਲ ਸਿੰਘ,(ਸੰਪਾ) ਬਦੇਸ਼ੀ ਪੰਜਾਬੀ ਸਾਹਿਤ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ,1993, ਪੰਨਾ-28-29

10. ਸ਼ਿਵਚਰਨ ਗਿੱਲ,ਉਹੀ ,ਪੰਨਾ -32

11. ਬਲਦੇਵ ਬਾਵਾ, ਬਰਤਾਨਵੀ ਪੰਜਾਬੀ ਕਾਵਿ ਦੀ ਧਾਰਾ, ਖੋਜ ਦਰਪਣ,1989, ਪੰਨਾ-33 ਤੋਂ ਉਧਰਿਤ

12. ਡਾ ਗੁਰੂਮੇਲ, ਸ਼ਬਦਾਂ ਦਾ ਸਫ਼ਰ, ਚੇਤਨਾ ਪ੍ਰਕਾਸ਼ਨ ਲੁਧਿਆਣਾ,2004, ਪੰਨਾ-127

13.ਰਵਿੰਦਰ ਸਹਿਰਾਅ,ਅਮਰੀਕੀ ਪੰਜਾਬੀ ਕਵਿਤਾ, ਪੰਨਾ- 171

14.ਨਿਰੰਜਨ ਨੂਰ, ਓਜ਼ੋਨ ਦੀ ਅੱਖ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ,1993,ਪੰਨਾ-36

15. ਰਵਿੰਦਰ ਗਿੱਲ,ਮੁਹੱਬਤ ,ਪੰਨਾ-17

16. ਦੇਵ, ਸ਼ਬਦਾਂਤ, ਨਵਯੁਗ ਪਬਲਿਸ਼ਰਜ਼ ਦਿੱਲੀ, 1999, ਪੰਨਾ-31